GP PATIENT SURVEY

NHS

ਐਕਸੈਸ ਕੋਡ: **9N67-MYQK-FPSB**

1 ਜਨਵਰੀ 2025

## NHS ਦੀ ਮਦਦ ਕਰਨ ਦਾ ਤੁਹਾਡਾ ਮੌਕਾ

ਮੈਂ ਤੁਹਾਨੂੰ 2025 ਦੇ GP Patient Survey ਵਿੱਚ ਹਿੱਸਾ ਲੈਣ ਲਈ ਕਹਿਣ ਵਾਸਤੇ ਇਹ ਚਿੱਠੀ ਲਿਖ ਰਿਹਾ ਹਾਂ। ਇਹ ਸਰਵੇਖਣ NHSਦੀ ਤਰਫ਼ੋਂ Ipsos ਵੱਲੋਂ ਕੀਤਾ ਜਾ ਰਿਹਾ ਹੈ। ਹਰ ਸਾਲ, ਤਕਰੀਬਨ 1 ਮਿਲੀਅਨ ਲੋਕ ਇਸ ਸਰਵੇਖਣ ਵਿੱਚ ਹਿੱਸਾ ਲੈ ਕੇ ਸਾਡੀ ਮਦਦ ਕਰਦੇ ਹਨ।

## ਤੁਹਾਡੇ ਸਥਾਨਕ ਇਲਾਕੇ ਵਿੱਚ GP ਅਤੇ ਹੋਰਨਾਂ ਸੇਵਾਵਾਂ ਵਿੱਚ ਸੁਧਾਰ ਲਿਆਉਣ ਵਿੱਚ ਸਾਡੀ ਮਦਦ ਕਰੋ

ਇਸ ਸਰਵੇਖਣ ਵਿੱਚ ਤੁਹਾਡੀ GP ਪ੍ਰੈਕਟਿਸ ਅਤੇ ਹੋਰਨਾਂ ਸਥਾਨਕ NHS ਸੇਵਾਵਾਂ ਦੇ ਤੁਹਾਡੇ ਅਨੁਭਵਾਂ ਬਾਰੇ ਪੁੱਛਿਆ ਜਾਂਦਾ ਹੈ, ਅਤੇ ਇਸ ਵਿੱਚ ਤੁਹਾਡੇ ਬਾਰੇ ਅਤੇ ਤੁਹਾਡੀ ਆਮ ਸਿਹਤ ਬਾਰੇ ਸਵਾਲ ਸ਼ਾਮਲ ਹੁੰਦੇ ਹਨ। NHS ਤੁਹਾਡੇ ਜਵਾਬਾਂ ਦਾ ਇਸਤੇਮਾਲ ਮਰੀਜ਼ਾਂ ਅਤੇ ਜਨਤਾ ਦੇ ਅਨੁਭਵ ਨੂੰ ਸਮਝਣ ਲਈ, ਅਤੇ ਤੁਹਾਡੀਆਂ ਸਥਾਨਕ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਲਈ ਕਰੇਗਾ। ਭਾਵੇਂ ਤੁਸੀਂ ਹਾਲ ਹੀ ਵਿੱਚ ਆਪਣੀ GP ਪ੍ਰੈਕਟਿਸ ਵਿੱਚ ਨਹੀਂ ਵੀ ਗਏ ਹੋਵੋ, ਜਾਂ ਤੁਸੀਂ ਪਹਿਲਾਂ ਕਿਸੇ ਸਰਵੇਖਣ ਵਿੱਚ ਹਿੱਸਾ ਲਿਆ ਹੋਵੇ, ਫੇਰ ਵੀ ਸਾਨੂੰ ਆਪਣੇ ਅਨੁਭਵਾਂ ਬਾਰੇ ਦੱਸਣਾ ਮਹੱਤਵਪੂਰਨ ਹੈ।

ਕਿਰਪਾ ਕਰਕੇ ਆਨਲਾਈਨ ਜਾ ਕੇ ਦੋ ਅਸਾਨ ਕਦਮਾਂ ਵਿੱਚ ਹਿੱਸਾ ਲਓ। ਇਸ ਤਰੀਕੇ ਨਾਲ ਹਿੱਸਾ ਲੈਣਾ NHSਵਾਸਤੇ ਵਧੇਰੇ ਸਸਤਾ ਹੈ।



1. www.gpsurvey.net/login 'ਤੇ ਜਾਓ
2. ਹਿੱਸਾ ਲੈਣ ਲਈ ਕੋਡ 9N67-MYQK-FPSB ਦਾਖਲ ਕਰੋ

ਹਿੱਸਾ ਲੈਣ ਵਿੱਚ ਤੁਹਾਨੂੰ **15 ਮਿੰਟਾਂ ਤੋਂ ਘੱਟ ਸਮਾਂ** ਲੱਗਣਾ ਚਾਹੀਦਾ ਹੈ।

**ਤੁਸੀਂ ਜਲਦੀ ਤੋਂ ਜਲਦੀ ਹਿੱਸਾ ਲੈ ਕੇ NHS ਦਾ ਪੈਸਾ ਬਚਾਉਣ ਵਿੱਚ ਮਦਦ ਕਰ ਸਕਦੇ ਹੋ।** ਇਸ ਤਰ੍ਹਾਂ ਸਾਨੂੰ ਤੁਹਾਨੂੰ ਕੋਈ ਰਿਮਾਈਂਡਰ ਭੇਜਣ ਦੀ ਲੋੜ ਨਹੀਂ ਹੋਵੇਗੀ।

## ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ

ਜੇ ਤੁਹਾਡੇ ਕੋਈ ਵੀ ਸਵਾਲ ਹਨ ਜਾਂ ਤੁਹਾਨੂੰ ਸਰਵੇਖਣ ਵਿੱਚ ਹਿੱਸਾ ਲੈਣ ਵਿੱਚ ਮਦਦ ਚਾਹੀਦੀ ਹੈ, ਤਾਂ **www.gp-patient.co.uk** ਵੈੱਬਸਾਈਟ 'ਤੇ ਜਾਓ। ਜਾਂ ਤੁਸੀਂ Ipsos ਨੂੰ **ਫ੍ਰੀਫ਼ੋਨ 0800 819 9144** 'ਤੇ ਕਾਲ ਕਰ ਸਕਦੇ ਹੋ।

ਸਥਾਨਕ NHS ਸੇਵਾਵਾਂ ਦੀ ਮਦਦ ਕਰਨ ਲਈ ਆਪਣਾ ਕੁਝ ਸਮਾਂ ਦੇਣ ਵਾਸਤੇ ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸ਼ੁੱਭਚਿੰਤਕ



Neil Churchill
ਮਰੀਜ਼ ਅਨੁਭਵਾਂ ਬਾਰੇ ਨਿਰਦੇਸ਼ਕ
NHS England